17/12/95

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

### ਇਹ ਖ਼ਾਲਿਸ ਸਾਹਿਤ ਕਿਸ ਬਲਾ ਦਾ ਨਾਂ ਹੈ ?

ਅੱਜ ਕੱਲ੍ਹ ਸਾਹਿਤ ਨਾਲ ਸਬੰਧਤ ਕੁਝ ਬੁੱਧੀਜੀਵਾਂ ਵਲੋਂ ਇਕ ਮੁਹਿੰਮ ਚਲਾਈ ਜਾ ਰਹੀ ਹੈ ਕਿ ਸਾਹਿਤ ਸਿਰਫ ਖ਼ਾਲਿਸ ਸਾਹਿਤ ਹੋਣਾ ਚਾਹੀਦਾ ਹੈ, ਇਹ ਰਾਜਨੀਤੀ ਤੋਂ ਪ੍ਰਭਾਵਤ ਨਹੀਂ ਹੋਣਾ ਚਾਹੀਦਾ। ਇਹ ਧਾਰਨਾ ਆਪਣੇ ਆਪ ਵਿਚ ਏਨੀ ਅਸਾਹਿਤਕ ਹੈ ਕਿ ਇਸ ਦਾ ਨੋਟਿਸ ਲੈਣਾ ਜ਼ਰੂਰੀ ਹੋ ਗਿਆ ਹੈ। ਸਵਾਲ ਉਠਦਾ ਹੈ ਕਿ ਕੀ ਸਾਹਿਤ ਜ਼ਿੰਦਗੀ ਤੋਂ ਵੱਖ ਕੀਤਾ ਜਾ ਸਕਦਾ ਹੈ ? ਕੀ ਜ਼ਿੰਦਗੀ ਦਾ ਕੋਈ ਵੀ ਮਸਲਾ ਰਾਜਨੀਤੀ ਤੋਂ ਪ੍ਰਭਾਵਤ ਹੋਏ ਬਗੈਰ ਰਹਿ ਸਕਦਾ ਹੈ ? ਇਹ ਬਹੁਤ ਹੀ ਨਾਬਰਾਬਰੀ ਵਾਲਾ ਇਸ ਦੇਸ਼ ਵਿਚ ਕਾਇਮ ਹੈ। ਬੱਚਾ ਪੈਦਾ ਹੁੰਦਾ ਹੈ, ਉਹਦੇ ਨਾਲ ਸਮਾਜਕ ਵਿਤਕਰਾ ਸ਼ੁਰੂ ਹੋ ਜਾਂਦਾ ਹੈ। ਇਥੇ ਸੱਤ ਕਿਸਮ ਦੀ ਵਿਦਿਆ ਹੈ। ਬਹੁਤ ਬੱਚੇ ਐਸੇ ਸਕੂਲਾਂ ਵਿਚ ਪੜ੍ਹਦੇ ਹਨ, ਜਿਥੇ ਸਿਰਫ 7 ਪੈਸੇ ਪ੍ਰਤੀ ਬੱਚਾ ਪ੍ਰਤੀ ਸਾਲ ਖਰਚ ਹੁੰਦਾ ਹੈ ਅਤੇ ਐਸੇ ਵੀ ਸਕੂਲ ਹਨ ਜਿਥੇ ਪ੍ਰਤੀ ਬੱਚਾ 700 ਰੁਪਏ ਪ੍ਰਤੀ ਮਹੀਨਾ ਖਰਚ ਹੁੰਦਾ ਹੈ। ਇਸ ਭ੍ਰਿਸ਼ਟ ਪ੍ਰਬੰਧ ਵਿਚ ਬੇਰੁਜ਼ਗਾਰੀ ਹੈ ਅਤੇ ਕੋਈ ਵੀ ਨੌਕਰੀ ਬਿਨਾਂ ਪੈਸੇ ਤਾਰੇ ਨਹੀਂ ਮਿਲ ਸਕਦੀ। ਮਸਲੇ ਹੀ ਮਸਲੇ ਹਨ ਜਿਨ੍ਹਾਂ ਦਾ ਨੋਟਿਸ ਲੈਣਾ ਜ਼ਰੂਰੀ ਹੈ। ਜਿਨ੍ਹਾਂ ਦੇ ਹੱਲ ਲਈ ਸੰਘਰਸ਼ ਜ਼ਰੂਰੀ ਹਨ। ਸੰਘਰਸ਼ ਲਈ ਅੱਗੋਂ ਚੇਤਨਾ ਦੀ ਜ਼ਰੂਰਤ ਹੈ। ਕੀ ਸਾਹਿਤ ਇਨ੍ਹਾਂ ਤੋਂ ਪ੍ਰਭਾਵਤ ਹੋਏ ਬਗੈਰ ਰਹਿ ਸਕਦਾ ਏ ? ਕੀ ਸਾਹਿਤ ਵਿਚ ਨਾਬਰਾਬਰੀ ਦਾ ਨੋਟਿਸ ਲੈਣਾ ਨਹੀਂ ਬਣਦਾ ? ਅਗੋਂ ਜਦੋਂ ਨੋਟਿਸ ਲਿਆ ਜਾਏ ਤਾਂ ਵਿਕਲਪ ਦੱਸਣਾ ਜਾਂ ਭਵਿੱਖ ਬਾਰੇ ਕੋਈ ਸੰਕਲਪ ਦੇਣਾ ਫਰਜ਼ ਨਹੀਂ ਬਣਦਾ ? ਭਵਿੱਖ ਬਾਰੇ ਕੋਈ ਸੰਕਲਪ ਬਨਾਉਣਾ ਨਾਅਰਾ ਨਹੀਂ ਹੁੰਦਾ, ਸਗੋਂ ਇਕ ਵਿਸ਼ਵਾਸ ਹੁੰਦਾ ਹੈ।

ਇਸ ਅਮਲ ਨੂੰ ਕਹਿਣ ਵਾਲੇ ਰਾਜਨੀਤੀ ਕਹਿ ਦਿੰਦੇ ਹਨ ਪਰ ਇਹ ਜ਼ਰੂਰੀ ਅਮਲ ਹੈ। ਸਾਹਿਤਕਾਰ ਕਿਸੇ ਰਾਜਸੀ ਸਿਧਾਂਤ ਨਾਲ ਜੁੜਦੇ ਹਨ ਤੇ ਉਸ ਰਾਜਸੀ ਸਿਧਾਂਤ ਦੀ ਸਿਆਸੀ ਪਾਰਟੀ ਨਾਲ ਆਪਣਾ ਨਾਤਾ ਵੀ ਜੋੜਦੇ ਹਨ ਤਾਂ ਕੀ ਇਹ ਅਮਲ ਅਸਾਹਿਤਕ ਹੋ ਜਾਂਦਾ ਹੈ; ਇਹ ਬਹੁਤ ਵੱਡਾ ਸਵਾਲ ਹੈ। ਇਸ ਦੇ ਬਾਰੇ ਸਾਫ਼ ਹੋਣਾ ਜ਼ਰੂਰੀ ਹੈ। ਸਾਹਿਤਕਾਰ ਸਮਾਜ ਦਾ ਸਾਰਿਆਂ ਨਾਲੋਂ ਸਿਆਣਾ ਅਤੇ ਇਮਾਨਦਾਰ ਵਿਅਕਤੀ ਹੁੰਦਾ ਹੈ। ਕਲਮ ਉਹੀ ਚੁੱਕਦਾ ਹੈ, ਜਿਸ ਕੋਲ ਕੁਝ ਕਹਿਣ ਲਈ ਹੁੰਦਾ ਹੈ। ਸਥਾਪਤ ਆਲੋਚਕ ਜਦੋਂ ਸਾਹਿਤ ਨੂੰ ਰਾਜਨੀਤੀ ਤੋਂ ਦੂਰ ਰੱਖਣ ਦੀ ਧਾਰਨਾ ਦਾ ਪ੍ਰਚਾਰ ਕਰਦੇ ਹਨ ਤਾਂ ਉਹ ਨੌਜਵਾਨ ਲੇਖਕਾਂ ਨੂੰ ਅਸਿੱਧੇ ਤੌਰ 'ਤੇ ਦੇਸ਼ ਦੇ ਪ੍ਰਬੰਧ ਅਤੇ ਇਹ ਪ੍ਰਬੰਧ ਚਲਾ ਰਹੀ ਰਾਜਨੀਤੀ ਤੋਂ ਅੱਖਾਂ ਬੰਦ ਕਰਨ ਦਾ ਸੁਝਾਅ ਦਿੰਦੇ ਹਨ। ਇਹ ਲੇਖਕਾਂ ਲਈ ਵੀ ਘਾਤਕ ਹੈ ਅਤੇ ਜ਼ਿੰਦਗੀ ਅਤੇ ਸਮਾਜ ਲਈ ਵੀ ਘਾਤਕ ਹੈ। ਲੋੜ ਸਗੋਂ ਇਹ ਹੈ ਕਿ ਲੇਖਕ ਰਾਜਨੀਤੀ ਬਾਰੇ ਵੱਧ ਤੋਂ ਵੱਧ ਚੇਤਨ ਹੋਣ ਅਤੇ ਸਮਾਜ ਦੇ ਵਰਤਾਰੇ ਵਿਚ ਸਰਗਰਮ ਦਖਲਅੰਦਾਜ਼ੀ ਕਰਨ। ਸਾਹਿਤ ਤਾਂ ਹੀ ਸ਼ਕਤੀਸ਼ਾਲੀ ਸਾਹਿਤ ਹੋਵੇਗਾ ਜੇ ਉਹ ਸਮਾਜਕ ਵਰਤਾਰੇ ਬਾਰੇ ਬੇਖੌਫ ਟਿੱਪਣੀ ਕਰੇਗਾ।

### ਅਜੋਕੇ ਸ਼ਿਲਾ ਲੇਖ ਦੀ ਆਮਦ

ਪੰਜਾਬੀ ਸਾਹਿਤ ਦੇ ਜਾਣੇ ਜਾਂਦੇ ਸਿਆਣੇ ਲੋਕਾਂ ਦੇ ਉਦਮ ਨਾਲ ਡਾ. ਜੁਗਿੰਦਰ ਕੈਰੋਂ ਦੀ ਸੰਪਾਦਨਾ ਥੱਲੇ ਅਜੋਕੇ ਸ਼ਿਲਾ ਲੇਖ ਪਰਚੇ ਦਾ ਪ੍ਰਵੇਸ਼ ਅੰਕ (ਸੰਪਰਕ ਪਤਾ 43, ਗੁਰੂ ਤੇਗ ਬਹਾਦਰ ਨਗਰ ਅੰਮ੍ਰਿਤਸਰ 143003) ਪਾਠਕਾਂ ਦੇ ਹੱਥ ਵਿਚ ਆ ਗਿਆ ਹੈ। ਇਸ ਪਰਚੇ ਦਾ ਪ੍ਰਵੇਸ਼ ਅੰਕ ਹੀ ਦੱਸਦਾ ਹੈ ਕਿ ਪਰਚਾ ਉਤਮ ਸਾਹਿਤ ਵਾਲਾ ਅਤੇ ਨਾਲ ਹੀ ਸਾਹਤਿਕ ਖੇਤਰ ਵਿਚ ਵਾਦ-ਵਿਵਾਦ ਵਾਲਾ ਪਰਚਾ ਹੋਵੇਗਾ। ਸ਼ਿਲਾ ਲੇਖ ਦੇ ਇਸ ਅੰਕ ਵਿਚ ਪੰਜਾਬੀ ਕਹਾਣੀ ਬਾਰੇ ਇਕ ਵਿਵਾਦ ਹੈ ਜਿਸ ਵਿਚ ਡਾ. ਸੁਤਿੰਦਰ ਸਿੰਘ ਨੂਰ, ਡਾ. ਜਗਬੀਰ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਬਲਦੇਵ ਸਿੰਘ ਧਾਲੀਵਾਲ, ਕ੍ਰਿਪਾਲ ਕਜ਼ਾਕ, ਦਲਬੀਰ ਚੇਤਨ ਅਤੇ ਡਾ. ਜੁਗਿੰਦਰ ਸਿੰਘ ਕੈਰੋਂ ਨੇ ਭਾਗ ਲਿਆ ਹੈ। ਇਹ ਸਾਰੇ ਹੀ ਜਾਣੇ ਪਛਾਣੇ ਵਿਦਵਾਨ ਹਨ। ਇਸ ਸਾਰੇ ਵਿਵਾਦ ਨੂੰ ਪੜ੍ਹ ਕੇ ਪ੍ਰਭਾਵ ਇਹ ਪੈਂਦਾ ਹੈ ਕਿ ਸਾਹਿਤ ਵਿਚ ਸਾਧਾਰਨ ਲੋਕ ਮਨਫੀ ਹਨ। ਪੰਜਾਬ ਦੇ ਲੋਕ ਕਿੱਥੇ ਖੜ੍ਹੇ ਹਨ, ਉਹ ਕਿਸ ਪੱਧਰ ਦੀ ਸੂਝ ਰੱਖਦੇ ਹਨ, ਉਨ੍ਹਾਂ ਨੂੰ ਸਾਹਿਤ ਨਾਲ ਕਿਸ ਜੁਗਤੀ ਨਾਲ ਜੋੜਿਆ ਜਾ ਸਕਦਾ ਹੈ? ਇਹੋ ਜਿਹੀ ਕੋਈ ਗੱਲ ਬਹਿਸ ਅਧੀਨ ਨਹੀਂ ਆਈ। ਜ਼ਿੰਦਗੀ ਦਾ ਯਥਾਰਥ, ਜਿਹੜਾ ਸਾਹਿਤ ਦੀ ਹਰ ਵਿਧਾ ਦਾ ਧੁਰਾ ਹੈ, ਉਸ ਨੂੰ ਅਸਿੱਧੇ ਤਰੀਕੇ ਨਾਲ ਪੂਰਾ ਨਿਖੇਧਿਆ ਗਿਆ ਹੈ। ਨੂਰ ਦੀ ਧਾਰਨਾ ਤੋਂ ਤੇ ਸਾਰੀ ਬਹਿਸ ਤੋਂ ਇਹ ਨੁਕਤਾ ਉਭਰ ਕੇ ਬਾਹਰ ਆਂਦਾ ਹੈ ਕਿ ਪੰਜਾਬੀ ਕਹਾਣੀ ਨੇ ਜੇ ਵਿਸ਼ਵ ਪੱਧਰ 'ਤੇ ਆਉਣਾ ਹੈ ਤਾਂ ਇਸ ਨੂੰ ਯਥਾਰਥ ਤੋਂ ਪਿੱਛਾ ਛੁਡਾਉਣਾ ਚਾਹੀਦਾ ਹੈ, ਉਸ ਨੂੰ ਪੇਚੀਦਾ ਅਤੇ ਫੈਨਟੇਸੀ ਦੇ ਰੂਪ ਅਪਣਾਉਣੇ ਚਾਹੀਦੇ ਹਨ। ਇਸ ਦਲੀਲ ਨੂੰ ਜੇ ਅੱਗੇ ਲੈ ਜਾਈਏ ਤਾਂ ਕਹਾਣੀ ਤਾਂ ਹੀ ਮਹਾਨ ਹੈ, ਜੇ ਉਹ ਬੁੱਧੀਜੀਵਾਂ ਦੇ ਸੀਮਤ ਘੇਰੇ ਵਿਚ ਹੀ ਮਹਿਦੂਦ ਹੋ ਜਾਏ। ਕਿਸੇ ਵੇਲੇ ਕਵਿਤਾ ਅਤੇ ਕਵੀ ਦਰਬਾਰ ਸਾਧਾਰਨ ਲੋਕਾਂ ਨੂੰ ਸਾਹਿਤ ਨਾਲ ਜੋੜਨ ਦੀ ਕੜੀ ਹੁੰਦੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰ ਲੋਕ ਇਨ੍ਹਾਂ ਕਵੀ ਦਰਬਾਰਾਂ ਦੇ ਰਾਹੀਂ ਸਾਹਿਤ ਨਾਲ ਜੁੜਦੇ ਸਨ। ਪਿਛਲੇ 30 ਸਾਲ ਵਿਚ ਬੁੱਧੀਜੀਵਾਂ ਦੇ ਕਬਜ਼ੇ ਅਤੇ ਗ਼ਲਬੇ ਵਿਚ ਆਏ ਸਾਹਿਤ ਕਰਕੇ ਲੋਕ ਇਹਦੇ ਨਾਲੋਂ ਟੁੱਟ ਗਏ ਹਨ। ਕਹਾਣੀ ਵੀ ਸਾਧਾਰਨ ਬੰਦੇ ਦੀ ਨਾ ਰਹੇ, ਇਹ ਬਹਿਸ ਉਸ ਰੁਚੀ ਨੂੰ ਹੀ ਰੂਪਮਾਨ ਕਰਦੀ ਹੈ। ਵਾਦ-ਵਿਵਾਦ ਵੀ ਜਿਥੇ ਇਹ ਲੋੜ ਹੈ ਕਿ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰ 'ਤੇ ਲਿਆਉਣ ਦੀ ਗੱਲ ਕੀਤੀ ਜਾਏ, ਉਥੇ ਇਹ ਵੀ ਜ਼ਰੂਰੀ ਹੈ ਕਿ ਇਸ ਬਾਰੇ ਸੋਚਿਆ ਜਾਏ ਕਿ ਇਹ ਕਹਾਣੀ ਲੋਕਾਂ ਵਿਚ ਕਿਸ ਤਰ੍ਹਾਂ ਮਕਬੂਲ ਹੋਵੇ।

### ਮੇਕਸੀਕੋ ਦੇ ਕਵੀ ਆਕਾਂਤਾਂਵਿਓ ਪਾਜ਼ ਦਾ ਇਕ ਕਾਵਿਕ ਟੋਟਾ

ਗਭਰੂ ਹਸਨ/ਇਕ ਇਸਾਈ ਕੁੜੀ ਨਾਲ ਵਿਆਹ ਕਰਵਾਉਣ ਲਈ/ ਇਸਾਈ ਬਣ ਗਿਆ/ ਪਾਦਰੀ ਨੇ/ ਉਹਦਾ ਨਾਂ ਰੱਖਿਆ ਐਰਿਕ/ ਜਿਵੇਂ ਕਿ ਉਹ ਕੋਈ ਸਮੁੰਦਰੀ ਡਾਕੂ ਹੋਵੇ।ਹੁਣ ਉਸ ਦੇ ਨਾਂ ਦੋ ਹਨ/ ਪਰ ਵਹੁਟੀ ਇਕ ਹੈ।

---

## ਅੱਜ ਦਾ ਯੁੱਗ

**-ਰਣਜੀਤ ਆਜ਼ਾਦ ਕਾਂਝਲਾ**

ਚੱਕਰ ਸਮੇਂ ਦਾ ਚੱਲਿਆ ਹੈ ਐਸਾ, ਕੋਈ ਕਿਸੇ ਨੂੰ ਨਈਂ ਪ੍ਰਵਾਨ ਕਰਦਾ।
ਹੱਥ ਜੋੜ ਕੇ ਜਿਨ੍ਹਾਂ ਨੇ ਅਰਜ਼ ਕੀਤੀ, ਦੁੱਖ ਉਨ੍ਹਾਂ ਦੇ ਸਦਾ ਭਗਵਾਨ ਹਰਦਾ।
ਵਿਹਲੇ ਰਹਿ ਕੇ ਬਹੁਤੇ ਹੀ ਖਾਣ ਵਾਲੇ, ਉਪਮਾਂ ਉਨ੍ਹਾਂ ਦੀ ਬੜੀ ਜਹਾਨ ਕਰਦਾ।
ਰਿਸ਼ਤੇ-ਨਾਤੇ ਸਭ ਲੋਕੀਂ ਭੁੱਲ ਬੈਠੇ, ਆਪਣੀ ਹੋਂਦ 'ਤੇ ਹਰੇਕ ਗੁਮਾਨ ਕਰਦਾ।